ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫ਼ਤਰ ਮੁੱਖ ਇੰਜੀਨੀਅਰ/ਐਚ ਆਰ ਡੀ
(ਬੋਰਡ ਭਾਗ)

ਵੱਲ

86
10/1/13

1) ਡੀ.ਜੀ.ਪੀ/ਵੀ ਤੇ ਐਸ.ਪੀ.ਐਸ.ਪੀ.ਸੀ.ਐਲ, ਪਟਿਆਲਾ।
2) ਸਾਰੇ ਜਨਰਲ ਮੈਨੇਜਰ, ਇੰਜ:ਇੰਨ:ਚੀਫ/ਮੁੱਖ ਇੰਜੀਨੀਅਰਜ਼, ਪੀ.ਐਸ.ਪੀ.ਸੀ.ਐਲ।
3) ਮੁੱਖ ਪ੍ਰਬੰਧਕੀ.ਪੀ ਐਸ ਪੀ ਸੀ ਐਲ ਪਟਿਆਲਾ ।
4) ਓ.ਐਸ.ਡੀ (ਟੀ) ਟੂ ਤਾਲਮੇਲ,ਪੀ.ਐਸ.ਪੀ.ਸੀ.ਐਲ, ਪਟਿਆਲਾ।
5) ਐਸ.ਈ.(ਟੀ) ਟੂ ਡਾਇਰੈਕਟਰਜ਼.ਪੀ.ਐਸ.ਪੀ.ਸੀ.ਐਲ ਪਟਿਆਲਾ।
6) ਸਾਰੇ ਨਿਗਰਾਨ ਇੰਜੀਨੀਅਰ ਹਾਈਡਲ ਸਮੇਤ.ਪੰ:ਸ:ਪੀ:ਸੀ.ਐਲ:ਪਟਿਆਲਾ ।
7) ਮੁੱਖ ਆਡੀਟਰ,ਪੀ.ਐਸ.ਪੀ.ਸੀ.ਐਲ, ਪਟਿਆਲਾ।
8) ਸਾਰੇ ਮੁੱਖ ਲੇਖਾ ਅਫਸਰ ਪੀ ਐਸ ਪੀ ਸੀ ਐਲ ਪਟਿਆਲਾ
9) ਵਿੱਤ ਸਲਾਹਕਾਰ.ਪੀ ਐਸ ਪੀ ਸੀ ਐਲ ਪਟਿਆਲਾ।
10) ਕਾਨੂੰਨੀ ਸਲਾਹਕਾਰ, ਪੀ.ਐਸ.ਪੀ.ਸੀ.ਐਲ, ਪਟਿਆਲਾ।
11) ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ,ਪੀ.ਐਸ.ਪੀ.ਸੀ.ਐਲ ।
12) ਭੋਂ ਪ੍ਰਾਪਤੀ ਕਲੈਕਟਰ.ਪੀ.ਐਸ.ਪੀ.ਸੀ.ਐਲ ਪਟਿਆਲਾ।

7922/8022
ਮੀਮੋ ਨੰ: ~~6180~~ ਪੀਡੀ/ਜੀ-3036/~~2011~~

ਮਿਤੀ 8/1/2013

ਵਿਸ਼ਾ: ਸਾਲ 2013 ਦੌਰਾਨ ਪਾਕਿਸਤਾਨ ਵਿਖੇ ਵੱਖ ਵੱਖ ਸਮਾਗਮਾਂ ਤੇ ਪਾਕਿਸਤਾਨ ਜਾਣ ਵਾਲੇ ਜੱਥਿਆਂ ਨਾਲ ਸੰਪਰਕ ਅਫਸਰ (Liasion officer) ਜਾਂ ਪ੍ਰਬੰਧਕ ਨਿਯੁਕਤ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਪੰਜਾਬ ਸਰਕਾਰ--ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ)
----------------------------------------------------
ਚੰਡੀਗੜ੍ਹ ਦਾ ਪੱਤਰ ਨੰ: 9/1/2012-ਜੀ ਸੀ(1)/18712 ਮਿਤੀ 24-12-12 ਆਪ ਜੀ ਨੂੰ ਸੂਚਨਾ ਅਤੇ ਅਗੇਤਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

8/1/13

ਅਧੀਨ ਸਕੱਤਰ/ਤਾਲਮੇਲ
ਪ.ਸ.ਪ.ਕ.ਲ.ਪਟਿਆਲਾ ।

ਨੱਥੀ/ਉਪਰੋਕਤ ਅਨੁਸਾਰ
ਸੀਸੀ

ਨਿਗਰਾਨ ਇੰਜੀਨੀਅਰ/ਆਈ.ਟੀ.(ਪ.ਸ.ਪ.ਕ.ਲ.) ਪਟਿਆਲਾ ਨੂੰ ਮੁੱਖ ਇੰਜੀਨੀਅਰ/ਐਚ.ਆਰ.ਡੀ.(ਬੋਰਡ ਸੈਕਸ਼ਨ) ਦੀ ਵੈਬ ਸਾਈਟ ਤੇ ਪਾਉਣ ਹਿੱਤ

ਮਿਤੀਬੱਧ
31-1-2013

ਨੰ: 9/1/2012-ਜੀ.ਸੀ.(1)/ 18712 94 7/1/13

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਆਮ ਤਾਲਮੇਲ ਸਾਖਾ)

Dy Cy Hms circulate

Liason

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸਨਰ ਅਤੇ ਡਿਪਟੀ ਕਮਿਸਨਰ।

ਮਿਤੀ,ਚੰਡੀਗੜ੍ਹ 24.12.2012

ਵਿਸ਼ਾ:- ਸਾਲ 2013 ਦੌਰਾਨ ਪਾਕਿਸਤਾਨ ਵਿਖੇ ਵੱਖ ਵੱਖ ਸਮਾਗਮਾਂ ਤੇ ਪਾਕਿਸਤਾਨ ਜਾਣ ਵਾਲੇ ਜੱਥਿਆਂ ਨਾਲ ਸੰਪਰਕ ਅਫਸਰ (Laision Officer) ਅਤੇ ਪ੍ਰੇਖਕ ਨਿਯੁਕਤ ਕਰਨ ਬਾਰੇ।

***

ਸ੍ਰੀਮਾਨ ਜੀ/ਸ੍ਰੀਮਤੀ ਜੀ,

ਉਪਰੋਕਤ ਵਿਸੇ ਤੇ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਾਲ 2013 ਵਿੱਚ ਨਿਮਨ ਲਿਖਤ ਸਮਾਗਮਾਂ ਤੇ ਭਾਰਤ ਸਰਕਾਰ ਵਲੋਂ ਸਿੱਖ/ਸਹਿਜਧਾਰੀ ਸਿੱਖ ਯਾਤਰੂਆਂ ਦੇ ਜੱਥੇ ਪਾਕਿਸਤਾਨ ਭੇਜੇ ਜਾਣ ਦੀ ਸੰਭਾਵਨਾ ਹੈ:-

| ਲੜੀ ਨੰ: | ਸਮਾਗਮ | ਮਹੀਨਾ | ਸਾਲ |
|---|---|---|---|
| 1 | ਵਿਸਾਖੀ | ਅਪ੍ਰੈਲ | 2013 |
| 2 | ਸਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | ਮਈ | 2013 |
| 3 | ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ਜੂਨ | 2013 |
| 4 | ਗੁਰੂਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | ਨਵੰਬਰ | 2013 |

2) ਉਪਰੋਕਤ ਜੱਥਿਆ ਨਾਲ ਸਰਕਾਰ ਵਲੋਂ ਸੰਪਰਕ ਅਫਸਰ ( Liasion Officer ) ਅਤੇ ਪ੍ਰੇਖਕ ਨਿਯੁਕਤ ਕੀਤੇ ਜਾਂਦੇ ਹਨ। ਪੰਜਾਬ ਰਾਜ ਦੇ ਸਰਕਾਰੀ ਕਰਮਚਾਰੀ,ਜਿਹੜੇ ਸੀਨੀਅਰ ਸਹਾਇਕ ਜਾਂ ਇਸ ਤੋਂ ਉਪਰਲੀ ਕਿਸੇ ਪਦਵੀ ਤੇ ਨਿਯੁਕਤ ਹਨ, ਉਪਰੋਕਤ ਨਿਯੁਕਤੀ ਲਈ ਯੋਗ ਹਨ। ਅਫਸਰ ਸਾਹਿਬਾਨ/ਕਰਮਚਾਰੀ, ਜਿਹੜੇ ਇਨ੍ਹਾਂ ਜੱਥਿਆਂ ਨਾਲ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਦੇ ਤੌਰ ਤੇ ਜਾਣ ਲਈ ਇਛੁੱਕ ਹੋਣ, ਉਹ ਆਪਣੇ ਬਿਨੈ-ਪੱਤਰ (ਨਾਲ ਨੱਥੀ ਪ੍ਰੋਫਾਰਮੇ ਅਨੁਸਾਰ) ਆਪਣੇ ਵਿਭਾਗ ਦੇ ਮੁੱਖੀ ਰਾਹੀ ਆਮ ਰਾਜ ਪ੍ਰਬੰਧ ਵਿਭਾਗ( ਆਮ ਤਾਲਮੇਲ ਸਾਖਾ) 6ਵੀਂ ਮੰਜਿਲ (ਹਾਲ) , ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਨੂੰ ਮਿਤੀ 31 ਜਨਵਰੀ, 2013 ਤੱਕ ਹਰ ਹਾਲਤ ਵਿੱਚ ਭੇਜਣ ਦੀ ਖੇਚਲ ਕਰਨ ਜਿਸ ਵਿੱਚ ਵਿਭਾਗ ਦੇ ਮੁੱਖੀ ਵਲੋਂ ਇਹ ਤਸਦੀਕ ਕੀਤਾ ਜਾਵੇ ਕਿ ਬਿਨੈਕਾਰ ਦੇ ਵਿਰੁੱਧ ਕੋਈ ਵੀ ਫੌਜਦਾਰੀ / ਵਿਭਾਗੀ ਕਾਰਵਾਈ ਦਾ ਕੇਸ ਲੰਬਿਤ ਤਾ ਨਹੀ ਹੈ।

3) ਸਕੱਤਰੇਤ ਵਿਖੇ ਕੰਮ ਕਰਦੇ ਚਾਹਵਾਨ ਯੋਗ ਅਧਿਕਾਰੀ/ਕਰਮਚਾਰੀ ਆਪਣੇ ਬਿਨੈ ਪੱਤਰ ਸਕੱਤਰੇਤ ਪ੍ਰਸਾਸਨ ਰਾਹੀਂ ਭੇਜਣ ਦੀ ਖੇਚਲ ਕਰਨ। ਸਕੱਤਰੇਤ ਪ੍ਰਸਾਸਨ ਦੀ ਪ੍ਰਵਾਨਗੀ ਬਿਨ੍ਹਾਂ ਪ੍ਰਾਪਤ ਹੋਏ ਪੱਤਰਾਂ ਨੂੰ ਵਿਚਾਰਿਆ ਨਹੀਂ ਜਾਵੇਗਾ।

4) ਸਿਰਫ ਉਨ੍ਹਾ ਅਧਿਕਾਰੀਆਂ/ਕਰਮਚਾਰੀਆਂ ਦੇ ਬਿਨੈ ਪੱਤਰਾਂ ਤੇ ਹੀ ਵਿਚਾਰ ਕੀਤਾ ਜਾਵੇਗਾ, ਜਿਹੜੇ ਪਿਛਲੇ 5 ਸਾਲਾਂ ਦੌਰਾਨ ਜੱਥੇ ਨਾਲ ਕਦੇ ਵੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਨਹੀਂ ਗਏ। ਜਿਹੜੇ ਅਧਿਕਾਰੀ/ਕਰਮਚਾਰੀ ਪਹਿਲਾਂ ਕਦੀ ਵੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਪਾਕਿਸਤਾਨ ਨਹੀਂ ਗਏ , ਉਹਨਾਂ

ਚਲਦਾ ਪੰਨਾਂ....

ਪਿਛਲੇ ਪੰਨੇ ਤੋਂ....

ਨੂੰ ਤਰਜੀਹ ਦਿੱਤੀ ਜਾਵੇਗੀ। ਅਧੂਰੀਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

5) ਕਿਸੇ ਵੀ ਬਿਨੈਕਾਰ ਨੂੰ ਜੇਕਰ ਉਹ ਬਤੌਰ ਸੰਪਰਕ ਅਫਸਰ/ਪ੍ਰੇਖਕ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਸ ਨੂੰ ਆਮ ਹਾਲਾਤਾਂ ਵਿੱਚ ਆਪਣਾ ਬਿਨੈ ਪੱਤਰ ਵਾਪਿਸ ਲੈਣ ਦੀ ਆਗਿਆ ਨਹੀਂ ਹੋਵੇਗੀ।

6) ਹਰ ਸਹਿਜਧਾਰੀ ਸਿੱਖ ਨੂੰ ਜੇਕਰ ਉਸ ਦੀ ਨਿਯੁਕਤੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਕੀਤੀ ਜਾਂਦੀ ਹੈ ਤਾਂ ਪਾਕਿਸਤਾਨ ਅੰਬੈਸੀ, ਨਵੀਂ ਦਿੱਲੀ ਤੋਂ ਵੀਜਾਂ ਪ੍ਰਾਪਤ ਕਰਨ ਵੇਲੇ ਜੇਕਰ ਲੋੜ ਹੋਈ, ਇਹ ਹਲਫੀਆ ਬਿਆਨ (Affidavit) ਦੇਣਾ ਪਵੇਗਾ ਕਿ ਉਹ ਬੋਨਾਫਾਈਡ ਸਹਿਜਧਾਰੀ ਸਿੱਖ ਹੈ।

ਅਧੀਨ ਸਕੱਤਰ ਤਾਲਮੇਲ
21/12/2012

ਨੰ: 9/1/2012-ਜੀ.ਸੀ.(1)/ 18713

ਮਿਤੀ,ਚੰਡੀਗੜ੍ਹ 24.12.12

ਉਤਾਰਾ ਸਮੂਹ ਵਿੱਤੀ ਕਮਿਸਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ,ਪੰਜਾਬ ਸਰਕਾਰ ਨੂੰ ਸੂਚਨਾਂ ਅਤੇ ਲੋੜੀਦੀਂ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਤਾਲਮੇਲ
21/12/2012

ਨੰ: 9/1/2012-ਜੀ.ਸੀ.(1)/ 18714

ਮਿਤੀ,ਚੰਡੀਗੜ੍ਹ 24.12.2012

ਉਤਾਰਾ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਸਮੂਹ ਸਪੈਸਲ ਸਕੱਤਰ/ਵਧੀਕ ਸਕੱਤਰ/ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰਾਂ ਅਤੇ ਸਮੂਹ ਸਾਖਾਵਾਂ ਦੇ ਸੁਪਰਡੰਟਾਂ ਨੂੰ ਸੂਚਨਾਂ ਅਤੇ ਲੋੜੀਦੀਂ ਕਾਰਵਾਈ ਹਿੱਤ ਭੇਜਿਆ ਜਾਦਾ ਹੈ। ਉਨ੍ਹਾਂ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਂਣ ਦੀ ਖੇਚਲ ਕਰਨ।

ਅਧੀਨ ਸਕੱਤਰ ਤਾਲਮੇਲ
21/12/2012

## ਪ੍ਰੋਫਾਰਮਾ

1. ਨਾਂ ------------------------------

2. ਪਿਤਾ /ਪਤੀ ਦਾ ਨਾ ----------------------------

3. ਜਨਮ ਮਿਤੀ --------------------------------

4. ਜਨਮ ਅਸਥਾਨ ------------------------------------

5. ਘਰ ਦਾ ਮੌਜੂਦਾ ਪਤਾ ਅਤੇ ਟੈਲੀਫੋਨ / ਮੋਬਾਇਲ ਨੰ: --------------------------------

6. ਦਫਤਰ ਦਾ ਮੌਜੂਦਾ ਪਤਾ ਅਤੇ ਟੈਲੀਫੋਨ ਨੰ: --------------------------------

7. ਪਾਸਪੋਰਟ ਨੰ: ----------------------------------
(ਪਾਸਪੋਰਟ ਦੀ ਤਸਦੀਕਸੁਦਾ ਕਾਪੀ ਨੱਥੀ ਕੀਤੀ ਜਾਵੇ)

8. ਪਾਸਪੋਰਟ ਕਿਸ ਮਿਤੀ ਤੱਕ ਯੋਗ ਹੈ ----------------------------------

9. ਆਸਾਮੀ ਅਤੇ ਤਨਖਾਹ ਸਕੇਲ --------------------------------

10. ਰਿਟਾਇਰਮੈਂਟ ਦੀ ਮਿਤੀ --------------------------------

11. ਕੀ ਤੁਹਾਡੇ ਵਿਰੁੱਧ ਕੋਈ ਕਰੀਮੀਨਲ ਕੇਸ ਜਾ ਕੋਈ ਵਿਭਾਗੀ ਅਨੁਸਾਸਨੀ ਕਾਰਵਾਈ ਦਾ ਕੇਸ ਲੰਬਿਤ ਤਾ ਨਹੀ ਹੈ? ਜੇ ਹੈ ਤਾ ਉਸਦਾ ਵੇਰਵਾ --------------------------------

12. ਕੀ ਪਹਿਲਾਂ ਕਦੇ ਬਤੌਰ ਸੰਪਰਕ ਅਫਸਰ/ਪ੍ਰੇਖਕ ਨਿਯੁਕਤ ਹੋਏ ਹੋ? ਜੇਕਰ ਹਾਂ , ਤਾਂ ਪੂਰਾ ਵੇਰਵਾ --------------------------

13. ਜੇਕਰ ਪਹਿਲਾਂ ਕੋਈ ਵਿਦੇਸੀ ਸਿੱਕਾ ਲਿਆ ਹੋਵੇ ਤਾਂ ਮੰਤਵ --------- ----------------

14. ਕੀ ਸਹਿਜਧਾਰੀ ਸਿੱਖ ਹੋ -----------------------

15. ਕੀ ਪਹਿਲਾਂ ਕਦੇ ਪਾਕਿਸਤਾਨ ਗਏ ਹੋ ,ਜੇਕਰ ਹਾਂ ਤਾਂ ਪੂਰਾ ਵੇਰਵਾ ------------------

16. ਕਿਸ ਜੱਥੇ ਨਾਲ ਜਾਣ ਦੇ ਇਛੁੱਕ ਹੋ ----------------------------

17. ਜਥੇ ਨਾਲ ਜਾਣ ਵਾਲੇ ਪ੍ਰੀਵਾਰ ਦੇ ਮੈਬਰਾਂ/ਰਿਸਤੇਦਾਰਾਂ ਦਾ ਵੇਰਵਾ ਹੇਠ ਅਨੁਸਾਰ ਦਿੱਤਾ ਜਾਵੇ:-

| ਨਾਮ | ਰਿਸਤਾ | ਕਿੱਤਾ | ਘਰ ਦਾ ਮੌਜੂਦਾ ਪਤਾ | ਪਾਸਪੋਰਟ ਨੰ: ਅਤੇ ਮਿਆਦ ਦੀ ਕਾਪੀ ਨੱਥੀ ਕੀਤੀ ਜਾਵੇ |
|---|---|---|---|---|

--------------------------------------------------------------

ਇਹ ਤਸਦੀਕ ਕੀਤਾ ਜਾਦਾ ਹੈ ਕਿ ਮੇਰੇ ਵਲੋਂ ਦਿੱਤੀ ਗਈ ਸੂਚਨਾ ਸਹੀ /ਦੁਰੱਸਤ ਹੈ। ਇਸ ਵਿੱਚ ਮੇਰੇ ਵੱਲੋਂ ਕੁਝ ਵੀ ਛੁਪਾਕੇ ਨਹੀ ਰੱਖਿਆ ਗਿਆ ਹੈ।

ਬੇਨਤੀਕਾਰ ਦੇ ਹਸਤਾਖਰ
ਪਤਾ :
ਮਿਤੀ :